ਨੰਬਰ 4179-80 /1 ਐਲ.ਜ਼ੇ

ਡਾਇਰੀ ਨੰ: 7532
ਮਿਤੀ 29/12/16

ਮਿਤੀ 29/12/16/07/2015

ਸੇਵਾ ਵਿਖੇ

ਪ੍ਰਬੰਧਕ ਅਫਸਰ,
ਜਲੰਧਰ ਡਿਵੈਲਪਮੈਂਟਅਥਾਰਟੀ,
ਐਸ.ਸੀ.ਓ 41, ਪੁੱਡਾ ਕੰਪਲੈਕਸ,
ਸਾਹਮਣੇ ਤਹਿਸੀਲ ਕੰਪਲੈਕਸ ,
ਲਾਡੋਵਾਲੀ ਰੋਡ, ਜਲੰਧਰ।

ਵਿਸ਼ਾ :- ਪਾਪਰਾ ਐਕਟ, 1995 ਅਤੇ ਪਾਪਰਾ (ਅਮੈਂਡਮੈਂਟ) ਐਕਟ.2014 ਤਹਿਤ ਏ.ਜੀ.ਆਈ. ਸਮਾਰਟ ਹੋਮਸ ਰਿਹਾਈਸ਼ੀ ਗਰੁੱਪ ਹਾਊਸਿੰਗ ਪ੍ਰੋਜੈਕਟ, ਪਿੰਡ ਫੋਲੜੀਵਾਲ, 66 ਫੱਟੀ ਰੋਡ, ਤਹਿਸੀਲ ਤੇ ਜ਼ਿਲ੍ਹਾਂ ਜਲੰਧਰ ਦਾ ਲਾਇਸੈਂਸ ਜਾਰੀ ਕਰਨ ਬਾਰੇ ।(ਰਕਬਾ 57 ਕਨਾਲ 19 ਮਰਲੇ)

ਹਵਾਲਾ:- ਆਪ ਜੀ ਦੇ ਦਫਤਰ ਦਾ ਪੱਤਰ ਨੰ: ਸੀਏ-ਜੀਡੀਏ-2016/11661 ਮਿਤੀ 21/12/2016

ਉਪਰੋਕਤ ਵਿਸ਼ੇ ਤੇ ਹਵਾਲੇ ਅਧੀਨ ਪੱਤਰ ਦੇ ਸਬੰਧ ਵਿੱਚ ਉਪ ਮੰਡਲ ਅਫਸਰ, ਬਿਸਤ ਦੁਆਬ ਉਪ ਮੰਡਲ, ਜਲੰਧਰ ਨੇ ਆਪਣੇ ਪੱਤਰ ਨੰ: 797/1 ਡਬਲਿਯੂ ਮਿਤੀ 27/12/2016 ਰਾਹੀਂ ਭੇਜਕੇ ਲਿਖਿਆ ਹੈ ਕਿ ਪ੍ਰਬੰਧਕ ਅਫਸਰ, ਜਲੰਧਰ ਡਿਵੈਲਪਮੈਂਟ ਅਥਾਰਟੀ ਵੱਲੋਂ ਭੇਜੇ ਸਾਈਟ ਪਲਾਨ ਨੂੰ ਘੋਖਣ ਅਤੇ ਮੌਕੇ ਤੇ ਮੁਆਇੰਨਾ ਕਰਨ ਉਪਰੰਤ ਇਹ ਵੀ ਦੇਖਿਆ ਗਿਆ ਹੈ ਕਿ ਉਸਾਰੀ ਜਾਣ ਵਾਲੀ ਰਿਹਾਇਸ਼ੀ ਕਲੋਨੀ ਦੇ ਆਸ-ਪਾਸ ਅਤੇ ਨਾ ਹੀ ਇਸ ਦੇ ਵਿੱਚੋਂ ਕੋਈ ਡਰੇਨ ਲੰਘਦੀ ਹੈ । ਉਪ ਮੰਡਲ ਅਫਸਰ, ਬਿਸਤ ਦੁਆਬ ਉਪ ਮੰਡਲ, ਜਲੰਧਰ ਦੀ ਰਿਪੋਰਟ ਅਨੁਸਾਰ ਇਹ ਉਸਾਰੀ ਜਾਣ ਵਾਲੀ ਰਿਹਾਇਸ਼ੀ ਕਲੋਨੀ ਦਾ ਇਤਰਾਜ਼ਹੀਣਤਾ ਸਰਟੀਫਿਕੇਟ ਜਾਰੀ ਕਰਨ ਲਈ ਇਸ ਦਫਤਰ ਨੂੰ ਕੋਈ ਇਤਰਾਜ਼ ਨਹੀਂ ਹੈ, ਪ੍ਰੰਤੂ ਹੇਠ ਲਿਖੀਆਂ ਸ਼ਰਤਾ ਅਧੀਨ ਇਤਰਾਜਹੀਣਤਾ ਸਰਟੀਫਿਕੇਟ ਜਾਰੀ ਕੀਤਾ ਜਾਂਦਾ ਹੈ:-

1) ਕਿ ਪ੍ਰੋਜੈਕਟ ~~ਕਲੋਨੀ~~ ਵਿਖੇ ਰਿਹਾਇਸ਼ੀ ਕਲੋਨੀ ਬਣਾਉਂਦੇ ਸਮੇਂ ਨਾਲ ਲੱਗਦੀ ਸਿਟੀ ਆਉਟਫਾਲ ਡਰੇਨ ਵਿੱਚ ਰਿਹਾਇਸੀ ਕੋਠੀਆ ਦਾ ਟਰੀਟਡ ਜਾ ਅਨਟਰੀਟਡ ਪਾਣੀ ਨਾ ਸੁੱਟਿਆ ਜਾਵੇ ਤਾਂ ਜ਼ੋ ਡਰੇਨ ਵਿੱਚ ਚੱਲ ਰਹੇ ਬਰਸਾਤੀ ਪਾਣੀ ਜਾਂ ਪਾਣੀ ਦੇ ਕੁਦਰਤੀ ਵਹਾਅ ਵਿੱਚ ਕਿਸੇ ਵੀ ਤਰ੍ਹਾਂ ਦੀ ਕੋਈ ਰੁਕਾਵਟ ਪੈਦਾ ਨਾ ਹੋਵੇ ਅਤੇ ਨਾ ਹੀ ਕੁਦਰਤੀ ਵਾਤਾਵਰਣ ਪ੍ਰਭਾਵਿਤ ਹੋਵੇ।

2) ਕਿ ਇਹ ਰਿਹਾਇਸੀ ਕਲੋਨੀ ਦਾ ਟਰੀਟਡ ਜਾਂ ਅਨਟਰੀਟਡ ਪਾਣੀ ਨਾਲ ਲੱਗਦੇ ਜਿਮੀਂਦਾਰਾਂ ਦੀ ਵਾਹੀਯੋਗ ਜਮੀਨ ਦੀ ਸਿੰਚਾਈ ਵਾਸਤੇ ਵਰਤਿਆ ਜਾਵੇ ਜਾਂ ਤਜਵੀਜ ਰਿਹਾਇਸੀ ਕਲੋਨੀ ਅਧੀਨ ਪੈਂਦੇ ਗਰੀਨ ਬੈਲਟ ਵਿੱਚ ਪਲਾਨਟੇਸ਼ਨ ਵਾਸਤੇ ਵਰਤਿਆ ਜਾਵੇ।

3) ਕਿ ਰਿਹਾਇਸੀ ਕਲੋਨੀ ਦੀ ਉਸਾਰੀ ਕਰਦੇ ਸਮੇਂ ਸਰਕਾਰ ਦੀ ਕਿਸੇ ਵੀ ਪ੍ਰਕਾਰ ਦੀ ਪ੍ਰਾਪਰਟੀ , ਫਸਲ ਹਿਊਮਨ ਲਾਈਫ ਆਦਿ ਦਾ ਨੁਕਸਾਨ ਹੁੰਦਾ ਹੈ ਤਾਂ ਉਸ ਦੀ ਨਿਰੋਲ ਜੁਮੇਵਾਰੀ ਪ੍ਰੋਜੈਕਟ ਮਾਲਿਕ ਦੀ ਹੋਵੇਗੀ ।

ਕਾਰਜਕਾਰੀ ਇੰਜੀਨੀਅਰ,
ਜਲੰਧਰ ਜਲ ਨਿਕਾਸ ਹਲਕਾ,
ਜਲੰਧਰ।

ਕਾਪੀ:- ਉਪ ਮੰਡਲ ਅਫਸਰ, ਬਿਸਤ ਦੁਆਬ ਉਪ ਮੰਡਲ, ਜਲੰਧਰ ਨੂੰ ਉਹਨਾਂ ਦੇ ਦਫਤਰ ਪੱਤਰ ਨੰ: 797/1 ਡਬਲਿਯੂ ਮਿਤੀ 27/12/2016 ਦੇ ਸਬੰਧ ਵਿੱਚ ਸੂਚਨਾ ਹਿੱਤ ਹੈ ਜੀ।